UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਅਕਤੂਬਰ - ਦਸੰਬਰ 2022



ਮੁੱਲ : 100 ਰੁਪਏ

RNI : JKPUN/2002/6333 UGC Care List ISSN : 2456 - 253X

# ਆਬਰੂ

## ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

ਸਾਲ : 21 ਅੰਕ : 10 - 12
ਅਕਤੂਬਰ-ਦਸੰਬਰ 2022

## ਤਰਤੀਬ

ਸੰਪਾਦਕੀ : *ਜੰਗ ਐਸ. ਵਰਮਨ/2*
ਕਵਿਤਾਵਾਂ : *ਕਰੋਨਾ ਕਾਲ : ਕੁਝ ਕਾਵਿ-ਅਨੁਭਵ/ਡਾ. ਮੋਨੋਜੀਤ/3*
ਕਹਾਣੀ : *ਵੰਸ਼/ਜੰਗ ਐਸ. ਵਰਮਨ/4*
ਖੋਜ ਪੱਤਰ : *ਸਮਕਾਲੀ ਸਮਾਜ ਦੀ ਯਥਾਰਥਕ ਦਾਸਤਾਨ : ਚਾਰ ਤੱਤ.../ਡਾ. ਕੁਲਵਿੰਦਰ ਸਿੰਘ/6*
: *ਪਾਕਿਸਤਾਨੀ ਪੰਜਾਬੀ ਨਾਵਲ 'ਚੇਤਰ ਬਾਗ' ਦਾ/ਡਾ. ਸਵਰਨਜੀਤ ਕੌਰ/9*
: *ਅੰਮ੍ਰਿਤਾ ਪ੍ਰੀਤਮ ਰਚਿਤ ਨਾਵਲਾਂ ਵਿੱਚ.../ਡਾ. ਗੁਰਪ੍ਰੀਤ ਕੌਰ ਬਰਾੜ/12*
: *ਸਵਰਾਜਬੀਰ ਦੇ ਨਾਟਕ 'ਤਸਵੀਰਾਂ' ਦਾ ਸਮਾਜ-.../ਅਮਰ ਹਰਜੋਤ ਕੌਰ/15*
: *ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ 'ਸੱਜਰੀ ਪੈੜ.../ਮਨਪ੍ਰੀਤ ਕੌਰ, ਡਾ. ਮੇਜਰ ਸਿੰਘ/18*
: *ਗੁਰੂ ਨਾਨਕ ਬਾਣੀ ਦੀ ਪ੍ਰਸੰਗਿਕਤਾ :.../ਡਾ. ਹਰਿੰਦਰਜੀਤ ਸਿੰਘ ਕਲੇਰ/20*
: *ਅਮਲੀ ਸੰਘਰਸ਼ ਦੀ ਅਣਹੋਂਦ ਤੇ.../ਡਾ. ਆਤਮ ਸਿੰਘ ਰੰਧਾਵਾ/22*
: *ਗੁਰੂ ਤੇਗ ਬਹਾਦਰ ਸਾਹਿਬ ਜੀ ਦਾ.../ਡਾ. ਪਰਮਿੰਦਰ ਸਿੰਘ/25*
: *ਸੁਖਵਿੰਦਰ ਅੰਮ੍ਰਿਤ ਦੇ ਗੀਤ ਸੰਗ੍ਰਹਿ.../ਕਿਰਨਦੀਪ ਕੌਰ/28*
: *ਪਾਕਿਸਤਾਨੀ ਔਰਤ : ਸੰਤਾਪ ਤੇ ਸੰਘਰਸ਼/ਵਨੀਤਾ ਸ਼ਰਮਾ/30*
: *ਫਰੀਦ-ਬਾਣੀ ਦੇ ਮਾਨਵੀ ਸਰੋਕਾਰ/ਡਾ. ਗੁਰਿੰਦਰ ਸਿੰਘ/35*
: *ਤੋਤਲੇ ਵਿਅਕਤੀਆਂ ਦੀ ਭਾਸ਼ਾ.../ਡਾ. ਹਰਵਿੰਦਰ ਪਾਲ ਕੌਰ, ਮਨਪ੍ਰੀਤ ਕੌਰ ਸੇਖੋਂ/37*
: *ਅਵਤਾਰ ਸਿੰਘ ਪਾਸ਼ ਦੇ ਖ਼ਤ.../ਹਰਪਾਲ ਕੌਰ, ਗਾਈਡ : ਡਾ. ਮੇਜਰ ਸਿੰਘ/40*
: *ਵਿਗਿਆਪਨ : ਪਰਿਭਾਸ਼ਾ ਅਤੇ ਸਰੂਪ/ਮਨਜੀਤ ਸਿੰਘ/42*
: *ਭਗਤ ਨਾਮਦੇਵ ਜੀ ਦੀ ਸਮਾਜਕ ਚੇਤਨਾ/ਰਾਜਵਿੰਦਰ ਕੌਰ/43*
: *ਬਲਦੇਵ ਸਿੰਘ ਸੜਕਨਾਮਾ ਦੇ.../ਕੁਲਵਿੰਦਰ ਕੌਰ, ਗਾਈਡ ਡਾ. ਲਖਵਿੰਦਰ ਕੌਰ/46*
: *ਜੰਗ ਐਸ. ਵਰਮਨ ਦਾ ਕਾਵਿਕ-ਬੋਧ/ਪ੍ਰੋ. ਪਰਵਿੰਦਰ ਕੌਰ/48*
: *ਦਰਸ਼ਨ ਸਿੰਘ ਧੀਰ ਦੇ ਨਾਵਲ 'ਪੈੜਾਂ ਦੇ ਆਰ-ਪਾਰ'.../ਰੁਪਿੰਦਰ ਕੌਰ/50*
: *ਪੰਜਾਬੀ ਕਿੱਸਾ-ਕਾਵਿ 'ਚ ਸੁਰਮਗਤੀ ਦਾ.../ਸਰਬਜੀਤ ਕੌਰ/53*
: *ਇਪਟਾ ਲਹਿਰ ਅਤੇ ਜੋਗਿੰਦਰ ਬਾਹਰਲਾ ਦੇ ਉਪੇਰੇ/ਰਮਨਦੀਪ ਕੌਰ/56*
: *ਹਜ਼ੂਰਾ ਸਿੰਘ ਬੁਟਾਹਰੀ ਰਚਿਤ ਹੀਰ ਵਿੱਚ.../ਸਿਮਰਨਜੀਤ ਕੌਰ/58*
: *ਬੇਚੈਨ ਰਿਸ਼ਤਿਆਂ ਦੀ ਕਥਾ : ਤੀਸਰੀ ਖਿੜਕੀ/ਡਾ. ਚੰਦਰ ਪ੍ਰਕਾਸ਼/60*
: *ਨਵੀਂ ਕਿਸਮ ਦੀ.../ਅੰਮ੍ਰਿਤਪਾਲ ਕੌਰ ਪਾਂਗਲੀ, ਨਿਗਰਾਨ : ਡਾ. ਨਵਜਗਨ ਦੀਪ ਕੌਰ/63*
: *ਥੀਏਟਰ ਵਿੱਚ ਮੰਚ, ਪੇਸ਼ਕਾਰ ਅਤੇ.../ਜਗਮੋਹਨੀ ਚਾਵਲਾ ਗਾਬਾ/65*
: *ਵਿਅੰਗ ਹੁੰਝਾਂ ਫੇਰਦਾ : ਡਾ. ਮੋਨੋਜੀਤ ਦਾ ਨਾਵਲ.../ਅਮਨਪ੍ਰੀਤ ਕੌਰ/68*
: *ਵਿਸ਼ਵੀਕਰਨ ਤੇ ਸਾਹਿਤ/ਮਨਜੀਤ ਕੌਰ, ਗਾਈਡ : ਡਾ. ਲਖਵਿੰਦਰ ਕੌਰ/70*
: *ਆਈ. ਸੀ. ਨੰਦਾ ਦੇ ਨਾਟਕ ਸੁਭੱਦਰਾ ਵਿੱਚ.../ਨਵਜੋਤ ਕੌਰ/72*
: *ਸਿਗਮੰਡ ਫ੍ਰਾਇਡ ਦਾ ਵਿਹਾਰਕ ਮਨੋ.../ਡਾ. ਹਰਜਿੰਦਰ ਸਿੰਘ, ਡਾ. ਗੁਰਮੀਤ ਸਿੰਘ/74*
: *ਆਰਟੀਫੀਸ਼ੀਅਲ ਇੰਟੇਲੀਜੇਂਸ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਆਟੋਮੈਟਿਕ ਰਾਈਸ.../ਕੋਮਲ, ਗਣੇਸ਼ ਕੁਮਾਰ ਸੇਠੀ ਅਤੇ ਰਾਜੇਸ਼ ਕੁਮਾਰ ਬਾਵਾ/77*
: *ਆਧੁਨਿਕ ਪੰਜਾਬੀ ਨਾਰੀ.../ਪ੍ਰਵੀਨ ਕੌਰ, ਨਿਗਰਾਨ : ਡਾ. ਸਤਪ੍ਰੀਤ ਸਿੰਘ ਜੱਸਲ/80*
: *ਸੋਸ਼ਲ ਮੀਡੀਆ ਅਤੇ ਮਨੁੱਖ : ਵਿਹਾਰਕ ਪਰਿਪੇਖ/ਰਮਨਦੀਪ ਕੌਰ/84*
: *ਸੀਮਾਂਤ ਅਤੇ ਛੋਟੀ ਕਿਰਸਾਨੀ :.../ਡਾ. ਸੰਦੀਪ ਸਿੰਘ/88*
: *ਬਲਜੀਤ ਸਿੰਘ ਰੈਨਾ ਦੀ ਕਹਾਣੀ 'ਸੀਪ' :.../ਡਾ. ਸਤਪ੍ਰੀਤ ਸਿੰਘ ਜੱਸਲ/90*
: *ਪ੍ਰੋ. ਸੁਹਿੰਦਰ ਬੀਰ ਦੀ ਕਵਿਤਾ.../ਮਨਦੀਪ ਕੌਰ, ਗਾਈਡ : ਡਾ. ਜੋਤੀ ਸ਼ਰਮਾ/93*
: *ਗੁਰੂ ਨਾਨਕ ਬਾਣੀ ਵਿਚ.../ਡਾ. ਜਸਵਿੰਦਰ ਕੌਰ/95*
: *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਦਾਚਾਰਕ ਪਰਿਪੇਖ/ਡਾ. ਹਰਪ੍ਰੀਤ ਸਿੰਘ/97*
: *ਪੰਜਾਬ ਦੇ ਖ਼ਾਨਾਬਦੋਸ਼.../ਸਤਨਾਮ ਸਿੰਘ, ਗਾਈਡ : ਡਾ. ਲਖਵਿੰਦਰ ਕੌਰ/102*
: *ਖੁੱਲ੍ਹ ਜਾ ਸਿਮ ਸਿਮ : ਨਾਰੀ ਹੋਂਦ ਦੀ ਪੇਸ਼ਕਾਰੀ/ਡਾ. ਕਵਲਜੀਤ ਕੌਰ/104*
: *ਬਲਜੀਤ ਸਿੰਘ ਰੈਨਾ ਰਚਿਤ 'ਕਲਾਸ' : ਇਕ ਵਿਸ਼ਲੇਸ਼ਣ/ਬਲਵਿੰਦਰ ਕੌਰ/106*
: *ਰਾਮ ਸਰੂਪ ਅਣਖੀ ਦੀਆਂ ਕਹਾਣੀਆਂ.../ਮਨਜੀਤ ਕੌਰ, ਡਾ. ਲਖਵਿੰਦਰ ਕੌਰ/109*
: *ਦਰਸ਼ਨ ਬੁੱਟਰ ਦੀ ਜੋੜਨੀ-ਜੁਗਤ/ਡਾ. ਹਰਜਿੰਦਰ ਲਾਡਵਾ/111*
: *ਗੁਰਬਾਣੀ ਵਿਆਖਿਆਕਾਰੀ ਦੀ ਕਾਵਿ ਜੁਗਤ/ਡਾ. ਤਰਸੇਮ ਸਿੰਘ/115*
: *ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਥੀਮਕ ਅਧਿਐਨ/ਇੰਦਰਜੀਤ ਕੌਰ/119*
: *ਦਵਿੰਦਰ ਸੈਫੀ ਦੀ ਕਾਵਿ ਪੁਸਤਕ.../ਡਾ. ਤੇਜਿੰਦਰ ਸਿੰਘ ਸਿੱਧੂ/124*

*(ਬਾਕੀ ਪੰਨਾ 3 'ਤੇ)*

**ਸੰਪਾਦਕ**
ਬਲਜੀਤ ਸਿੰਘ ਰੈਨਾ
**ਮੋਬਾ** : 97976-57211
**ਸੰਪਾਦਕ ਮੰਡਲ**
ਡਾ. ਮੋਨੋਜੀਤ
**ਮੋਬਾ** : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
**ਮੋਬਾ** : 95966-52796
ਜੰਗ ਐਸ. ਵਰਮਨ
**ਮੋਬਾ** : 94192-10834
**ਸਹਾਇਕ ਸੰਪਾਦਕ**
ਡਾ. ਮਮਤਾ
**ਮੋਬਾ** : 92892-87778
ਰਾਜਵੀਰ ਸਿੰਘ
**ਮੋਬਾ** : 84920-05225
ਗੁਰਪ੍ਰੀਤ ਕੌਰ
**ਮੋਬਾ** : 99060-03940
**ਸਲਾਹਕਾਰ**
ਡਾ. ਪ੍ਰੀਤਮ ਸਿੰਘ
**ਕਨੇਡਾ ਪ੍ਰਤੀਨਿਧ**
ਡਾ. ਅਰਵਿੰਦਰ ਕੌਰ
**ਮੋਬਾ** : +1 416-450-0554

**ਈਮੇਲ** : baljeetraina58@gmail.com
**ਮੁੱਲ** : ਇਕ ਕਾਪੀ 100 ਰੁਪਏ
ਡਾਕ ਦੁਆਰਾ 125 ਰੁਪਏ
**ਦੇਸ਼ ਸਲਾਨਾ** : 400 ਰੁਪਏ
**ਡਾਕ ਦੁਆਰਾ** : 500 ਰੁਪਏ
**ਜੀਵਨਸਾਥ** : 5000 ਰੁਪਏ
**ਵਿਦੇਸ਼ ਸਲਾਨਾ** : 30 ਡਾਲਰ, 15 ਪੌਂਡ
**ਜੀਵਨ ਸਾਥ** : 500 ਡਾਲਰ, 250 ਪੌਂਡ

**ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।**

**ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ**

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**



ਖੋਜ ਪੱਤਰ

# ਸਿਗਮੰਡ ਫ੍ਰਾਇਡ ਦਾ ਵਿਹਾਰਕ ਮਨੋ ਵਿਸ਼ਲੇਸ਼ਣ : ਕੁਝ ਬੁਨਿਆਦੀ ਪਹਿਲੂ

— ਡਾ. ਹਰਜਿੰਦਰ ਸਿੰਘ, ਡਾ. ਗੁਰਮੀਤ ਸਿੰਘ —

ਸਿਗਮੰਡ ਫ੍ਰਾਇਡ ਦਾ ਜਨਮ 6 ਮਈ 1856 ਨੂੰ ਹੋਇਆ। ਮਨੋਵਿਗਿਆਨ ਦੇ ਖੇਤਰ ਵਿੱਚ ਸਿਗਮੰਡ ਫ੍ਰਾਇਡ ਕਿਸੇ ਪਛਾਣ ਦਾ ਮੁਥਾਜ ਨਹੀਂ। ਫ੍ਰਾਇਡ ਨੇ ਸ਼ਖ਼ਸੀਅਤ ਦੇ ਜਿਸ ਸਿਧਾਂਤ ਨੂੰ ਵਿਹਾਰਕ ਪਧਰ 'ਤੇ ਸਾਹਮਣੇ ਲਿਆਂਦਾ, ਉਸਨੂੰ ਸ਼ਖ਼ਸੀਅਤ ਦਾ ਮਨੋਵਿਸ਼ਲੇਸ਼ਣਾਤਮਕ ਸਿਧਾਂਤ ਕਿਹਾ ਜਾਂਦਾ ਹੈ। ਫਰਾਇਡ ਦਾ ਇਹ ਸਿਧਾਂਤ ਉਸਦੇ ਲਗਭਗ 40 ਸਾਲ ਦੇ ਕਲੀਨਿਕ ਅਧਿਐਨ ਅਨੁਭਵਾਂ ਉੱਤੇ ਆਧਾਰਿਤ ਹੈ। ਕਿਸੇ ਵੀ ਸਿਧਾਂਤ ਨੂੰ ਠੀਕ ਪ੍ਰਕਾਰ ਨਾਲ ਜਾਣਨ ਲਈ ਇਹ ਜ਼ਰੂਰੀ ਹੈ ਕਿ ਉਸਦੇ ਮੂਲ ਭੂਤ ਨੇਮਾਂ ਦੀ ਨਿਰਖ ਪਰਖ ਕੀਤੀ ਜਾਵੇ। ਫ੍ਰਾਇਡ ਨੇ ਮਾਨਵੀ ਸੁਭਾਅ ਦੇ ਬਾਰੇ ਕੁਝ ਮਹੱਤਵਪੂਰਣ ਪਰਿਕਲਪਨਾਵਾਂ ਸਿਰਜੀਆਂ, ਜਿਨ੍ਹਾਂ ਦੀ ਅੱਗੇ ਨਿਰਖ ਪਰਖ ਕਰਕੇ ਮਨੁੱਖੀ ਸ਼ਖ਼ਸੀਅਤ ਦੇ ਸਿਧਾਂਤ ਨੂੰ ਸਮਝਣ-ਵਿਚਾਰਨ ਵਿੱਚ ਕਾਫ਼ੀ ਮਦਦ ਮਿਲ ਸਕਦੀ ਹੈ। ਅਸੀਂ ਫ੍ਰਾਇਡ ਦੇ ਸ਼ਖ਼ਸੀਅਤ ਸਿਧਾਂਤ ਨੂੰ ਇਹਨਾਂ ਕੁਝ ਮੂਲ ਧਾਰਨਾਵਾਂ ਦੇ ਅੰਤਰਗਤ ਵਿਚਾਰ ਸਕਦੇ ਹਾਂ :

1. ਸ਼ਖ਼ਸੀਅਤ ਦੀ ਸੰਰਚਨਾ
2. ਸ਼ਖ਼ਸੀਅਤ ਦੀ ਗਤੀ
3. ਸ਼ਖ਼ਸੀਅਤ ਦਾ ਵਿਕਾਸ

### ਸ਼ਖ਼ਸੀਅਤ ਦੀ ਸੰਰਚਨਾ

ਫਰਾਇਡ ਨੇ ਸ਼ਖ਼ਸੀਅਤ ਦੀ ਸੰਰਚਨਾ ਦਾ ਵਰਣਨ ਦੋ ਮਾਡਲਾਂ ਦੇ ਆਧਾਰ ਉੱਤੇ ਕੀਤਾ ਹੈ- ਆਕਾਰਾਤਮਕ ਮਾਡਲ ਅਤੇ ਗਤੀਆਤਮਕ ਜਾਂ ਸੰਰਚਨਾਤਮਕ ਮਾਡਲ, ਇਨ੍ਹਾਂ ਦੋਨਾਂ ਵਿੱਚੋਂ ਸਭ ਤੋਂ ਪਹਿਲਾਂ ਅਸੀਂ ਆਕਾਰਾਤਮਕ ਮਾਡਲ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ -

### ਆਕਾਰਾਤਮਕ ਮਾਡਲ

ਇਹ ਸਵਾਲ ਉਠ ਸਕਦਾ ਹੈ ਕਿ ਮਨ ਦੇ ਆਕਾਰਾਤਮਕ ਮਾਡਲ ਤੋਂ ਕੀ ਭਾਵ ਹੈ ? ਆਕਾਰਾਤਮਕ ਮਾਡਲ ਵਿਚ ਮਨੁਖੀ ਮਨ ਦੀਆਂ ਤਿੰਨ ਸ਼ਕਤੀਆਂ ਚੇਤਨ, ਅਰਧ ਚੇਤਨ ਅਤੇ ਅਚੇਤਨ ਦੀਆਂ ਗਤੀਵਿਧੀਆਂ ਨੂੰ ਰਖਿਆ ਗਿਆ ਹੈ, ਇਹਨਾਂ ਦੀ ਕਾਰਜ ਸ਼ੈਲੀ ਦਾ ਵਿਹਾਰਕ ਪਰਿਪੇਖ ਇਸ ਪ੍ਰਕਾਰ ਹੈ -

1. **ਚੇਤਨ** - ਚੇਤਨ ਮਨ ਦੇ ਘੇਰੇ ਵਿੱਚ ਕੁਲ ਅਨੁਭਵ, ਇੱਛਾਵਾਂ, ਪ੍ਰੇਰਣਾਵਾਂ, ਸੰਵੇਦਨਾਵਾਂ ਆਉਂਦੀਆਂ ਹਨ। ਇਹਨਾਂ ਦਾ ਸੰਬੰਧ ਵਰਤਮਾਨ ਸਮੇਂ ਅਤੇ ਸ਼ਖ਼ਸੀਅਤ ਦੀ ਜਾਗਰਤ ਅਵਸਥਾ ਨਾਲ ਹੁੰਦਾ ਹੈ। ਕੇਵਲ ਵਰਤਮਾਨ ਨਾਲ ਸੰਬੰਧ ਹੋਣ ਕਾਰਨ ਚੇਤਨ ਮਨ ਸ਼ਖ਼ਸੀਅਤ ਦੇ ਅਤਿਅੰਤ ਸੰਕੁਚਿਤ ਪਹਿਲੂਆਂ ਤੱਕ ਸੀਮਿਤ ਹੁੰਦਾ ਹੈ।

2. **ਅਰਧ ਚੇਤਨ** - ਇਹ ਚੇਤਨ ਅਤੇ ਅਚੇਤਨ ਦੇ ਵਿਚਕਾਰ ਦੀ ਹਾਲਤ ਹੈ। ਇਸ ਅਵਸਥਾ ਵਿੱਚ ਸ਼ਖ਼ਸੀਅਤ ਨਾ ਤਾਂ ਪੂਰੀ ਤਰ੍ਹਾਂ ਜਾਗਰਤ ਅਰਥਾਤ ਚੇਤਨ ਹੁੰਦੀ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਨਾਲ ਅਚੇਤਨ ਹੁੰਦੀ ਹੈ। ਅਰਧ ਚੇਤਨ ਮਨ ਵਿੱਚ ਅਜਿਹੀ ਇੱਛਾਵਾਂ,ਭਾਵਨਾਵਾਂ ਅਤੇ ਪ੍ਰਗਟਾਵੇ ਆ ਜਾਂਦੇ ਹਨ ਜੋ ਵਿਚਕਾਰਲੀ ਸਥਿਤੀ ਨਾਲ ਸੰਬੰਧਿਤ ਹੁੰਦੇ ਹਨ। ਕੋਸ਼ਿਸ਼ ਕਰਣ ਨਾਲ ਅਜਿਹੇ ਪ੍ਰਗਟਾਵੇ ਚੇਤਨ ਪੱਧਰ ਉੱਤੇ ਆ ਜਾਣ ਦੀ ਸੰਭਾਵਨਾ ਨਾਲ ਲਬਰੇਜ਼ ਹੁੰਦੇ ਹਨ। ਅਰਧ ਚੇਤਨ ਮਨ ਨੂੰ ਸੁਖੇਨ ਸਿਮਰਤੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਕੋਈ ਵਿਅਕਤੀ ਆਪਣੀ ਐਨਕ ਜਾਂ ਹੋਰ ਕੋਈ ਚੀਜ਼ ਰੱਖਕੇ ਭੁੱਲ ਜਾਂਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਕੁੱਝ ਸਮਾਂ ਬਾਅਦ ਉਸਨੂੰ ਯਾਦ ਆ ਜਾਂਦਾ ਹੈ ਕਿ ਉਸਨੇ ਉਹ ਚੀਜ ਇੱਥੇ ਰੱਖੀ ਹੈ। ਇਸ ਪ੍ਰਕਾਰ ਸੁਖੇਨ ਸਿਮਰਤੀ ਅਰਧ ਚੇਤਨ ਮਨ ਦਾ ਇੱਕ ਵਧੀਆ ਉਦਾਹਰਣ ਹੈ।

3. **ਅਚੇਤਨ** - ਚੇਤਨ ਦੇ ਠੀਕ ਉਲਟ ਹੋਵੇ ਜੋ ਅਰਥਾਤ ਜੋ ਚੇਤਨਾ ਤੋਂ ਪਰੇ ਹੋਵੇ, ਉਸਨੂੰ ਅਚੇਤਨ ਕਿਹਾ ਜਾਂਦਾ ਹੈ। ਫਰਾਇਡ ਨੇ ਸ਼ਖ਼ਸੀਅਤ ਦੇ ਆਕਾਰਾਤਮਕ ਮਾਡਲ ਵਿੱਚ ਚੇਤਨ ਅਤੇ ਅਰਧ ਚੇਤਨ ਦੀ ਤੁਲਨਾ ਵਿੱਚ ਅਚੇਤਨ ਨੂੰ ਕਿਤੇ ਜਿਆਦਾ ਮਹੱਤਵਪੂਰਣ ਅਤੇ ਸ਼ਕਤੀਸ਼ਾਲੀ ਮੰਨਿਆ ਹੈ। ਉਸ ਦੇ ਅਨੁਸਾਰ ਮਨੁੱਖ ਦਾ ਸੁਭਾਅ ਅਚੇਤਨ ਪ੍ਰਗਟਾਵਿਆਂ, ਇੱਛਾਵਾਂ ਅਤੇ ਪ੍ਰੇਰਣਾਵਾਂ ਤੋਂ ਹੀ ਸਭ ਤੋਂ ਜਿਆਦਾ ਪ੍ਰਭਾਵਿਤ ਹੁੰਦਾ ਹੈ। ਫਰਾਇਡ ਦੀ ਇਹ ਵੀ ਮਾਨਤਾ ਹੈ ਕਿ ਅਚੇਤਨ ਮਨ ਵਿੱਚ ਜੋ ਵੀ ਇੱਛਾ, ਵਿਚਾਰ, ਅਨੁਭਵ ਅਤੇ ਪ੍ਰੇਰਣਾਵਾਂ ਹੁੰਦੀਆਂ ਹਨ, ਉਨ੍ਹਾਂ ਦਾ ਸਰੂਪ ਕਾਮੁਕ, ਅਨੈਤਕ, ਘਿਰਣਤ ਅਤੇ ਆਸਾਮਾਜਿਕ ਹੁੰਦਾ ਹੈ। ਮੂਲ ਰੂਪ ਵਿਚ ਇਸਦਾ ਭਾਵ ਇਹ ਹੈ ਕਿ ਨੈਤਿਕ ਅਤੇ ਸਾਮਾਜਕ ਦਬਾਅ-ਦਾਬਿਆਂ ਦੇ ਕਾਰਨ ਮਨੁਖ ਆਪਣੀਆਂ ਕੁਝ ਇੱਛਾਵਾਂ ਦੀ ਪੂਰਤੀ ਚੇਤਨ ਤੌਰ ਉਪਰ ਨਹੀਂ ਕਰ ਪਾਉਂਦਾ। ਅਜਿਹੀਆਂ ਇੱਛਾਵਾਂ ਚੇਤਨ ਪੱਧਰ ਉੱਤੇ ਅਕਰਮਕ ਹੋਕੇ ਅਰਧ ਚੇਤਨ ਫੇਰ ਅਚੇਤਨ ਮਨ ਵਿਚ ਮਨ ਵਿੱਚ ਦਮਿਤ ਹੋ ਜਾਂਦੀਆਂ ਹਨ ਅਤੇ ਮਾਨਵੀ ਮਨ-ਸੁਭਾਅ ਨੂੰ ਨਿਰੰਤਰ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਇਸ ਦੇ ਨਤੀਜੇ ਵਜੋਂ ਸੰਬੰਧਿਤ ਵਿਅਕਤੀ ਨੂੰ ਵਖਰੇ ਪ੍ਰਕਾਰ ਦੇ ਮਨੋਰੋਗ ਦਾ ਸਾਹਮਣਾ ਕਰਨਾ ਪੈਂਦਾ ਹੈ।

### ਸੰਰਚਨਾਤਮਕ ਮਾਡਲ

ਸਿਗਮੰਡ ਫ੍ਰਾਇਡ ਦੁਆਰਾ 1920 ਵਿਚ Beyond the Pleasure Principle ਲੇਖ ਵਿਚ ਮਨੁਖੀ ਮਨ ਨੂੰ ਵਿਹਾਰਕ ਪਧਰ ਉਪਰ ਚੇਤਨ, ਅਰਧ ਚੇਤਨ ਅਤੇ ਅਚੇਤਨ ਦੇ ਅੱਗੋਂ ਤਿੰਨ ਉੱਪ ਭਾਗਾਂ ਇਦ, ਈਗੋ, ਸੁਪਰ ਈਗੋ ਵਿਚ ਵੰਡ ਕੇ ਸਮਝਣ ਸਮਝਾਉਣ ਦਾ ਯਤਨ ਕੀਤਾ ਬਾਅਦ ਵਿਚ ਉਸਨੇ (1923) ਵਿਚ ਪੂਰੇ ਖੁੱਲ੍ਹੇ ਢੰਗ ਨਾਲ ਵਿਸਤ੍ਰਿਤ ਰੂਪ ਵਿਚ ਡਿਸਕਸ ਕੀਤਾ।